# ਜਗਤ ਗੁਰੂ ਨਾਨਕ ਦੇਵ
# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ

**(Established by Act No.19 of 2019 of Legislature of the State of Punjab)**

Ref.No/ PSOU/ COE/355 Dated: 23/02/2023

**ਸਮੂਹ ਪ੍ਰੀਖਿਆ ਕੇਂਦਰ (ਕਾਲਜ)**

ਪੰਜਾਬ

**ਵਿਸ਼ਾ:- ਪ੍ਰੀਖਿਆਵਾਂ ਸਬੰਧੀ ਪ੍ਰੀਖਿਆ ਕੇਂਦਰਾਂ ਲਈ ਜਰੂਰੀ ਹਦਾਇਤਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ 1 ਮਾਰਚ 2023 ਤੋਂ ਸ਼ੁਰੂ ਹੋਣ ਜਾ ਰਹੀਆਂ ਹਨ। ਜਿਸ ਸਬੰਧੀ ਜਰੂਰੀ ਹਦਾਇਤਾਂ ਹੇਠ ਲਿਖਤ ਹਨ:

1. ਯੂਨੀਵਰਸਿਟੀ ਵੱਲੋਂ ਪ੍ਰੀਖਿਆ ਕੇਂਦਰਾਂ (ਮਾਰਚ-2023 ਪ੍ਰੀਖਿਆਵਾਂ) ਲਈ ਐਡਵਾਸ ਪੇਮੈਂਟ ਕਾਲਜ ਦੇ ਪ੍ਰਿੰਸੀਪਲ/ਚੀਫ ਕੋਆਰਡੀਨੇਟਰ ਦੇ ਖਾਤੇ ਵਿੱਚ ਭੇਜੀ ਜਾ ਰਹੀ ਹੈ, ਇਸ ਐਡਵਾਸ ਪੇਮੈਂਟ ਦੀ ਵਰਤੋਂ ਪ੍ਰੀਖਿਆ ਸਬੰਧੀ ਸਟੇਸ਼ਨਰੀ ਅਤੇ ਫੁੱਟਕਲ ਸਬੰਧੀ ਖਰਚਿਆਂ ਵਜੋ ਕੀਤੀ ਜਾ ਸਕਦੀ ਹੈ, ਜੋ ਕਿ ਪ੍ਰੀਖਿਆ ਕੇਂਦਰ ਵਲੋਂ ਮਾਰਚ-2023 ਪ੍ਰੀਖਿਆਵਾਂ ਲਈ ਕੀਤਾ ਜਾਵੇਗਾ । ਸਬੰਧਤ ਖਰਚਿਆਂ ਨੂੰ ਯੂਨੀਵਰਸਿਟੀ ਨਿਯਮ ਅਨੁਸਾਰ (**Letter Ref.No/PSOU/CoE/82 ਮਿਤੀ 19.07.2022**) ਹੀ ਪ੍ਰੀਖਿਆ ਕੇਂਦਰ ਵਲੋਂ ਵਰਤਿਆ ਜਾਵੇ। ਪ੍ਰੀਖਿਆ ਕੇਂਦਰ ਵੱਲੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੀ ਖਰਚੇ ਕੀਤੇ ਜਾਣ, ਨਹੀਂ ਤਾਂ ਬਾਅਦ ਵਿੱਚ ਸਬੰਧਤ ਕਾਲਜ ਦੀ ਪ੍ਰੀਖਿਆਵਾਂ ਸਬੰਧੀ ਕੁੱਲ ਪੇਮੈਂਟ ਵਿੱਚੋ ਇਸ ਰਕਮ ਦੀ ਰਿਕਵਰੀ ਯੂਨੀਵਰਸਿਟੀ ਵਲੋਂ ਕਰ ਲਈ ਜਾਵੇਗੀ।
2. **ਪ੍ਰੈਕਟੀਕਲ (10 ਪੰਨੇ) ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ** ਸਬੰਧੀ ਹਦਾਇਤਾਂ ਯੂਨੀਵਰਸਿਟੀ ਵਲੋਂ ਕੁੱਝ ਦਿਨਾਂ ਵਿੱਚ ਸੂਚਿਤ ਕੀਤੀਆਂ ਜਾਣਗੀਆਂ।
3. ਪ੍ਰੀਖਿਆ ਕੇਂਦਰਾਂ ਵਲੋਂ ਹੇਠ ਲਿਖੇ ਅਨੁਸਾਰ ਉੱਤਰ-ਕਾਪੀਆਂ ਦੀ ਵਰਤੋਂ ਕੀਤੀ ਜਾਵੇ:
   a) Regular students (Degree) ਅਤੇ Re-appear students (All) ਦੀਆਂ ਥਿਓਰੀ ਪ੍ਰੀਖਿਆਵਾਂ ਲਈ 32 ਪੰਨਿਆਂ ਵਾਲੀ ਉੱਤਰ-ਕਾਪੀ
   b) Regular Students (Certificate, Diploma) ਦੀਆਂ ਥਿਓਰੀ ਪ੍ਰੀਖਿਆਵਾਂ ਲਈ OMR ਉੱਤਰ-ਕਾਪੀਆਂ
   c) ਪ੍ਰੈਕਟੀਕਲ ਪ੍ਰੀਖਿਆਵਾਂ ਲਈ 10 ਪੰਨਿਆਂ ਵਾਲੀ ਉੱਤਰ ਕਾਪੀ ਹੀ ਵਰਤੀ ਜਾਵੇ।

   ਉਪਰੋਕਤ ਉੱਤਰ-ਕਾਪੀਆਂ (ਥਿਓਰੀ-32 pages, **OMR**, ਪ੍ਰੈਕਟੀਕਲ) ਅਲੱਗ-ਅਲੱਗ ਪੈਕਟਾਂ ਵਿੱਚ ਪ੍ਰੀਖਿਆ ਕੇਂਦਰਾਂ ਵਲੋਂ ਪੈਕ ਕੀਤੀਆਂ ਜਾਣ।
4. ਕੁੱਝ ਪ੍ਰੀਖਿਆ ਕੇਂਦਰਾਂ ਵਲੋਂ ਅਗਸਤ-2022 ਥਿਓਰੀ ਦੀਆਂ ਪ੍ਰੀਖਿਆਵਾਂ ਵਿੱਚ ਪ੍ਰੈਕਟੀਕਲ ਦੀ ਉੱਤਰ-ਕਾਪੀ ਵਰਤੀ ਗਈ ਸੀ। ਸਬੰਧਤ ਪ੍ਰੀਖਿਆ ਕੇਂਦਰ ਦੇ ਕੋਆਰਡੀਨੇਟਰ ਅਤੇ ਸੁਪਰਡੈਂਟ ਵਲੋਂ ਇਸ ਦਾ ਖਾਸ ਧਿਆਨ ਰੱਖਿਆ ਜਾਵੇ। ਇਸ ਤਰ੍ਹਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ ਯੂਨੀਵਰਸਿਟੀ ਵਲੋਂ ਨਹੀਂ ਕੀਤਾ ਜਾਵੇਗਾ ਅਤੇ ਇਸ ਲਈ ਸਬੰਧਤ ਕਾਲਜ ਦੇ ਚੀਫ ਕੋਆਰਡੀਨੇਟਰ ਅਤੇ ਕੋਆਰਡੀਨੇਟਰ ਦੀ ਹੀ ਜਿੰਮੇਵਾਰੀ ਹੋਵੇਗੀ।
5. ਸੁਪਰਡੈਂਟ ਪ੍ਰੀਖਿਆਵਾਂ ਵਲੋਂ ਰੋਜ਼ਾਨਾ ਦੀ ਉੱਤਰ-ਕਾਪੀ (**Used & Unused, Consumption**) ਦਾ ਪ੍ਰੋਫਾਰਮਾ ਭਰਿਆ ਜਾਣਾ ਜਰੂਰੀ ਹੈ। ਇਹ ਪ੍ਰੋਫਾਰਮਾ **Observor/Flying Squad** ਵਲੋਂ ਚੈਕ ਕੀਤਾ ਜਾ ਸਕਦਾ ਹੈ।
6. ਸਮੂਹ ਪ੍ਰੀਖਿਆ ਕੇਂਦਰਾਂ ਦੇ ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਵਲੋਂ ਪ੍ਰਿੰਟਿੰਗ ਸੈਲ ਦੇ ਕੋਆਰਡੀਨੇਟਰਾਂ ਨੂੰ ਯੂਨੀਵਰਸਿਟੀ ਵਲੋਂ ਪ੍ਰੀਖਿਆ ਸਬੰਧੀ ਭੇਜੀ ਜਾ ਰਹੀ ਹਰ ਈ-ਮੇਲ ਅਤੇ **whatsapp** ਮੈਸੇਜ਼ ਦੀ ਸੂਚਨਾਂ ਦੇਣੀ ਯਕੀਨੀ ਬਣਾਈ ਜਾਵੇ ਤਾਂ ਜੋ ਪ੍ਰੀਖਿਆ ਸਬੰਧੀ ਤਾਲਮੇਲ ਨੂੰ ਬਣਾਇਆ ਜਾ ਸਕੇ।

7. ਪ੍ਰਿੰਟਿੰਗ ਸੈਲ ਦੇ ਕੋਆਰਡੀਨੇਟਰਾਂ ਵਲੋਂ **ਪ੍ਰੋਫਾਰਮਾ ਨੰਬਰ (P-3)** ਹਰ ਰੋਜ਼ ਭਰਨਾ ਜਰੂਰੀ ਹੈ, ਜਿਸ ਵਿੱਚ ਪ੍ਰਸ਼ਨ ਪੱਤਰ ਦਾ ਵੇਰਵਾ (ਡਾਊਨਲੋਡ ਅਤੇ ਪ੍ਰਿੰਟਿੰਗ ਸਬੰਧੀ) ਦਰਜ ਹੋਣਾ ਚਾਹੀਦਾ ਹੈ। ਇਸ ਪ੍ਰੋਫਾਰਮੇ ਤੇ ਸੁਪਰਡੈਂਟ ਅਤੇ ਕੋਆਰਡੀਨੇਟਰ ਦੋਨਾਂ ਦੇ ਹਸਤਾਖਰ ਕਰਕੇ ਸਬੰਧਤ ਦਸਤਾਵੇਜ਼ ਨੂੰ ਸਵੇਰੇ ਅਤੇ ਸ਼ਾਮ ਦੇ ਸੈਸ਼ਨ ਲਈ ਫਾਈਨਲ ਕੀਤਾ ਜਾਵੇ। **P-3** ਪ੍ਰੋਫਾਰਮਾ **Observor/ Flying Squad** ਵਲੋਂ ਚੈਕ ਕੀਤਾ ਜਾ ਸਕਦਾ ਹੈ।

8. ਵਿਦਿਆਰਥੀਆਂ ਦੀਆਂ ਕੱਟ ਲਿਸਟਾਂ **(student attendance lists)** ਕੋਆਰਡੀਨੇਟਰਾਂ/ਸੁਪਰਡੈਂਟ ਦੇ **common login** ਵਿੱਚ ਮੌਜੂਦ ਹਨ, ਜਿਸ ਨੂੰ ਡਾਊਨਲੋਡ ਕੀਤਾ ਜਾ ਸਕਦਾ ਹੈ।

9. ਕੁੱਝ ਵਿਦਿਆਰਥੀਆਂ ਨੇ ਅਜੇ ਤੱਕ ਆਨਲਾਈਨ ਸਿਸਟਮ ਵਿੱਚ ਲੋਗਿਨ ਨਹੀਂ ਕੀਤਾ ਹੈ, ਜਿਸ ਕਾਰਨ ਉਨ੍ਹਾਂ ਨੇ ਆਪਣਾ ਐਡਮਿਟ ਕਾਰਡ ਦਾ ਪ੍ਰਿੰਟ ਨਹੀਂ ਲਿਆ ਹੈ ਜੋ ਕਿ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਲਈ ਜ਼ਰੂਰੀ ਹੈ। ਸਬੰਧਤ ਕਾਲਜਾਂ ਵਲੋਂ ਇਸ ਸਬੰਧੀ ਆਪਣੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ।

10. ਜੇਕਰ ਕੋਈ ਵਿਦਿਆਰਥੀ B.A. (Liberal Arts) ਦੀ ਪ੍ਰੀਖਿਆ ਦੇਣ ਜਾ ਰਿਹਾ ਹੈ ਤੇ ਉਸਦਾ ਨਾਮ ਕੱਟ ਲਿਸਟ ਵਿੱਚ ਮੌਜੂਦ ਹੈ, ਪ੍ਰੰਤੂ <u>Elective Subject ਦੀ ਲਿਸਟ ਵਿੱਚ ਉਹ ਵਿਸ਼ਾ ਮੌਜੂਦ ਨਹੀਂ ਹੈ</u> ਤਾਂ ਪ੍ਰੀਖਿਆ ਕੇਂਦਰ ਵਲੋਂ ਸਬੰਧਤ ਵਿਦਿਆਰਥੀ ਨੂੰ **ਆਨਲਾਈਨ ਪੋਰਟਲ ਵਿੱਚ** NA ਕੀਤਾ ਜਾਵੇਗਾ (ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸਬੰਧਤ ਵਿਦਿਆਰਥੀ ਨੂੰ ਪ੍ਰੀਖਿਆ ਕੇਂਦਰ ਵਲੋਂ ਗੈਰਹਾਜ਼ਰ ਨਹੀਂ ਕੀਤਾ ਜਾਵੇਗਾ)

11. ਪ੍ਰੀਖਿਆਵਾਂ ਸਬੰਧੀ ਉੱਤਰ ਕਾਪੀਆਂ (ਥਿਊਰੀ -32 pages, OMR) ਦਾ ਮੁਲਾਂਕਣ ਯੂਨੀਵਰਸਿਟੀ ਵੱਲੋਂ ਹੀ ਕਰਵਾਇਆ ਜਾਵੇਗਾ। Practical ਪ੍ਰੀਖਿਆਵਾਂ ਸਬੰਧੀ ਉੱਤਰ ਕਾਪੀਆਂ ਦਾ ਮੁਲਾਂਕਣ ਕਾਲਜਾਂ/ਪ੍ਰੀਖਿਆਂ ਕੇਂਦਰਾਂ ਵੱਲੋਂ ਕਰਵਾਇਆ ਜਾਵੇਗਾ ।

23/02/2023

**ਕੰਟਰੋਲਰ ਪ੍ਰੀਖਿਆਵਾਂ**
**Controller of Examinations**
**Jagat Guru Nanak Dev**
**Punjab State Open University**
**Patiala**

**ਕਾਪੀ (ਕਾਰਵਾਈ ਹਿੱਤ):-**

1. ਪ੍ਰੋਗਰਾਮਰ (ਜ.) - ਈ.ਮੇਲ ਅਤੇ Whatsapp ਕਰਨ ਸਬੰਧੀ।